# ਡਾਕ-ਪ੍ਰਬੰਧ ਸੁਧਾਰਨ ਲਈ ਪੋਸਟ ਮਾਸਟਰ ਨੂੰ ਬਿਨੈ-ਪੱਤਰ ਲਿਖੋ।



ਸੇਵਾ ਵਿਖੇ

ਪੋਸਟ ਮਾਸਟਰ,

ਜਨਰਲ ਪੋਸਟ ਆਫ਼ਿਸ,

………………।

**ਵਿਸ਼ਾ :** ਡਾਕ-ਪ੍ਰਬੰਧ ਸੁਧਾਰਨ ਸੰਬੰਧੀ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਅਨੁਸਾਰ ਮੈਂ ਆਪਣੇ ਮੁਹੱਲੇ ਦੇ ਡਾਕੀਏ ਰਾਮਪਾਲ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਉਹ ਨੌਕਰੀ ਪ੍ਰਤੀ ਬਹੁਤ ਲਾਪਰਵਾਹ ਹੈ। ਉਹ ਕਦੇ ਕਿਸੇ ਦੀ ਡਾਕ ਸਮੇਂ ਸਿਰ ਨਹੀਂ ਵੰਡਦਾ। ਕਈ ਵਾਰ ਉਹ ਚਿੱਠੀਆਂ ਗ਼ਲਤ ਪਤੇ 'ਤੇ ਸੁੱਟ ਜਾਂਦਾ ਹੈ, ਜਿਸ ਨਾਲ਼ ਲੋਕਾਂ ਨੂੰ ਬਹੁਤ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਪਿਛਲੇ ਹਫ਼ਤੇ ਮੇਰੇ ਭਰਾ ਦੀ ਨੌਕਰੀ ਦੀ ਇੰਟਰਵਿਊ ਦੀ ਚਿੱਠੀ ਉਹ 4 ਦਿਨ ਲੇਟ ਦੇ ਕੇ ਗਿਆ। ਜਿਸ ਕਾਰਨ ਮੇਰਾ ਭਰਾ ਇੰਟਰਵਿਊ ਨਹੀਂ ਦੇ ਸਕਿਆ। ਇਸ ਤਰ੍ਹਾਂ ਕਈ ਲੋਕਾਂ ਨੂੰ ਡਾਕੀਏ ਕਾਰਨ ਦਿੱਕਤ ਪੇਸ਼ ਆ ਰਹੀ ਹੈ।

ਮੈਂ ਉਮੀਦ ਕਰਦਾ ਹਾਂ ਕਿ ਆਪ ਡਾਕੀਏ ਨੂੰ ਤਾੜਨਾ ਕਰੋਗੇ ਕਿ ਉਹ ਅੱਗੇ ਤੋਂ ਆਪਣੀ ਨੌਕਰੀ ਜ਼ਿੰਮੇਵਾਰੀ ਨਾਲ਼ ਨਿਭਾਵੇ।

ਧੰਨਵਾਦ ਸਹਿਤ।

ਆਪ ਜੀ ਦਾ ਵਿਸ਼ਵਾਸ ਪਾਤਰ,

………………,

ਮਿਤੀ … ਜੁਲਾਈ, 2021. …………।